**Roll No ……………………..** **026/B**

Total No. of Question :4 ] [Total No. of Printed pages :5 ]

**SS**

**2037**

**ANNUAL EXAMINATION SYSTEM**

# ECONOMICS

Time allowed: 3 Hours Maximum Marks:90

## ਭਾਗ-ੳ

**1. ਨੋਟ :** ਸਹੀ ਉੱਤਰ ਦੀ ਚੋਣ ਕਰੋ :

(i) ਅਰਥਸ਼ਾਸਤਰ ਦੀ ਕਲਿਆਣ ਸੰਬੰਧੀ ਪਰਿਭਾਸ਼ਾ ਕਿਸ ਨੇ ਦਿੱਤੀ ਹੈ ? **1**

(ੳ) ਮਾਰਸ਼ਲ (ਅ) ਜੇ. ਐਸ. ਮਿਲ .

(ੲ) ਸ਼ੈਪੀਰੋ (ਸ) ਰੋਬਿਨਸ

ਨੋਟ : ਖਾਲੀ ਸਥਾਨ ਭਰੋ :

(ii) ਜਦੋਂ ਪੂੰਜੀ ਦੇ ਮੁਕਾਬਲੇ ਵਧੇਰੇ ਕਿਰਤ ਦਾ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਇਸ ਨੂੰ ........ ਤਕਨੀਕ ਕਿਹਾ ਜਾਂਦਾ ਹੈ। **1**

(iii) ਜਦੋਂ ਪੂਰਤੀ ਵਿੱਚ ਕੀਮਤ ਨਾਲੋਂ ਘੱਟ ਪਰਿਵਰਤਨ ਹੁੰਦਾ ਹੈ, ਤਾਂ ਪੂਰਤੀ . ਹੁੰਦੀ ਹੈ। **1**

(iv) ਪੂਰਨ ਮੁਕਾਬਲਾ ਸਭ ਤੋਂ ਵਧੇਰੇ ਵਿਵਹਾਰਿਕ ਬਜ਼ਾਰ ਅਵਸਥਾ ਹੈ। (ਸਹੀ/ਗਲਤ) **1**

ਨੋਟ : ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦਿਉ ।

(v) ਸੀਮਾਂਤ ਆਮਦਨ ਕੀ ਹੁੰਦੀ ਹੈ ? **1**

(vi) ਆਧੁਨਿਕ ਸਮਸ਼ਟੀ ਅਰਥਸ਼ਾਸਤਰ ਦਾ ਨਿਰਮਾਤਾ ਕਿਸ ਨੂੰ ਮੰਨਿਆ ਜਾਂਦਾ ਹੈ ? **1**

(vii) ਲਾਭ ਦੇ ਵਿਭਿੰਨ ਤੱਤ ਕਿਹੜੇ ਹਨ ? **1**

**ਨੋਟ :** ਖਾਲੀ ਸਥਾਨ ਭਰੋ :

(viii) ਵਿਆਜ ਦੀ ਦਰ ਅਤੇ ਨਿਵੇਸ਼ ਵਿੱਚ ........... ਸੰਬੰਧ ਹੁੰਦਾ ਹੈ ? **1**

(ix) ਜਿੰਨੀ ਸੀਮਾਂਤ ਬਚਤ ਪ੍ਰਵਿਰਤੀ (MPS) ਘੱਟ ਹੋਵੇ, ਉਤਨਾ ਹੀ ਗੁਣਕ (K) ਘੱਟ ਹੁੰਦਾ ਹੈ। (ਸਹੀ/ਗਲਤ)) **1**

**ਨੋਟ :** ਸਹੀ ਉੱਤਰ ਦੀ ਚੋਣ ਕਰੋ :

(x) ਦੇਸ ਵਿੱਚ ਸਰਕਾਰ ਦਾ ਬੈਂਕ ਕਿਹੜਾ ਹੁੰਦਾ ਹੈ ? **1**

(ੳ) ਵਪਾਰਿਕ ਬੈਂਕ (ਅ) ਨਿੱਜੀ ਬੈਂਕ

(ੲ) ਕੇਂਦਰੀ ਬੈਂਕ (ਸ) ਵਿਦੇਸ਼ੀ ਬੈਂਕ

**ਭਾਗ-ਅ**

**2. ਨੋਟ :** ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 30-35 ਸ਼ਬਦਾਂ ਵਿੱਚ ਦਿਉ :

(i) ਉਤਪਾਦਨ ਸੰਭਾਵਨਾ ਵੱਕਰ ਦੀਆਂ ਦੋ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ। **2**

(ii) ਸੀਮਾਂਤ ਤੁਸ਼ਟੀਗੁਣ ਤੋਂ ਕੀ ਭਾਵ ਹੈ ? **2**

(iii) ਸੇਬਾਂ ਦੀ ਤਿੰਨ ਉਪਭੋਗਤਾਵਾਂ 'A', 'B' ਅਤੇ 'C ਦੁਆਰਾ ਕੀਤੀ ਗਈ ਮੰਗ ਲਿਖੀ ਸੂਚੀ ਵਿੱਚ ਦਰਸਾਇਆ ਗਿਆ ਹੈ। ਇਹ ਮੰਨ ਕੇ ਕਿ ਬਜ਼ਾਰ ਵਿੱਚ ਇਹ ਹੀ ਉਪਭੋਗਤਾ ਹਨ, ਬਜ਼ਾਰ ਮੰਗ ਪਤਾ ਕਰੋ। **2**

| ਸੇਬਾਂ ਦੀ ਪ੍ਰਤੀ ਇਕਾਈ ਕੀਮਤ | ਉਪਭੋਗਤਾ 'A' ਦੀ ਮੰਗ | ਉਪਭੋਗਤਾ 'B' ਦੀ ਮੰਗ | ਉਪਭੋਗਤਾ 'C' ਦੀ ਮੰਗ |
|---|---|---|---|
| 10 | 20 | 30 | 35 |
| 15 | 17 | 26 | 30 |
| 25 | 15 | 22 | 26 |
| 35 | 13 | 20 | 21 |
| 50 | 10 | 15 | 18 |

(iv) ਹੇਠ ਦਿੱਤੀ ਸੂਚੀ ਤੋਂ ਔਸਤ ਲਾਗਤ ਪਤਾ ਕਰੋ। **2**

| ਉਤਪਾਦਨ ਦੀਆਂ ਇਕਾਈਆਂ | **1** | **2** | **3** | **4** | **5** | **6** |
|---|---|---|---|---|---|---|
| ਕੁੱਲ ਲਾਗਤ | **75** | **90** | **120** | **160** | **220** | **300** |

(v) ਮੰਗ ਵਿੱਚ ਵਾਧੇ ਦਾ ਸੰਤੁਲਤ ਕੀਮਤ ਉਤੇ ਕੀ ਪ੍ਰਭਾਵ ਪੈਂਦਾ ਹੈ ? **2**

(vi) ਸਮਸ਼ਟੀ ਅਰਥਸ਼ਾਸਤਰ ਸੰਬੰਧੀ ਕੇਨਜ਼ ਦੇ ਦ੍ਰਿਸ਼ਟੀਕੋਣ ਬਾਰੇ ਸੰਖੇਪ ਵਿੱਚ ਦੱਸੋ। **2**

(vii) ਹੇਠ ਲਿਖੇ ਅੰਕੜਿਆਂ ਤੋਂ ਉਤਪਾਦਨ ਦਾ ਮੁੱਲ ਪਤਾ ਕਰੋ : - **2**

| | ਮਦਾਂ | ਕਰੋੜ ਰੁਪਏ ਵਿੱਚ |
|---|---|---|
| (i) | ਵਿਕਰੀ | 7,000 |
| (ii) | ਸ਼ੁਰੂ ਦਾ ਸਟਾਕ | 500 |
| (iii) | ਅੰਤ ਦਾ ਸਟਾਕ | 1,800 |

(viii) ਜੇਕਰ ਰਾਸ਼ਟਰੀ ਆਮਦਨ 9,000 ਕਰੋੜ ਰੁਪਏ ਹੈ ਅਤੇ ਉਪਭੋਗ ਖਰਚ 5,400 ਕਰ ਰੁਪਏ ਹੈ ਤਾਂ ਔਸਤ ਉਪਭੋਗ ਵਿਤੀ ਪਤਾ ਕਰੋ। **2**

(ix) ਵਪਾਰਕ ਬੈਂਕਾਂ ਦੇ ਦੋ ਮੁੱਢਲੇ ਕੰਮ ਦੱਸੋ। **2**

(x) ਸਥਿਰ ਵਟਾਂਦਰਾ ਦਰ ਕੀ ਹੁੰਦਾ ਹੈ ? 2

**ਭਾਗ-ੲ**

**3.** ਨੋਟ : ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 60-70 ਸ਼ਬਦਾਂ ਵਿੱਚ ਦਿਓ :

(i) ਵਿਅਸ਼ਟੀ ਅਰਥਸ਼ਾਸਤਰ ਅਤੇ ਸਪੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪੱਸ਼ਟ ਕਰੋ। 4

**ਜਾਂ**

ਉਤਪਾਦਨ ਕਿਵੇਂ ਕੀਤਾ ਜਾਵੇ ਦੀ ਸਮੱਸਿਆ ਦੀ ਵਿਆਖਿਆ ਕਰੋ।

(ii) ਬਜ਼ਾਰ ਮੰਗ ਦੀ ਪਰਿਭਾਸ਼ਾ ਦਿਉ ਅਤੇ ਇਸ ਦੇ ਚਾਰ ਨਿਰਧਾਰਿਕ ਤੱਤਾਂ ਦੀ ਵਿਆਖਿਆ ਕਰੋ। 4

**ਜਾਂ**

ਪੈਮਾਨੇ ਦੀਆਂ ਬੱਚਤਾਂ ਅਤੇ ਅਬੱਚਤਾਂ ਦੀ ਚਰਚਾ ਕਰੋ।

(iii) ਇੱਕ ਵਸਤੂ ਦੀ ਕੀਮਤ 40 ਰੁਪਏ ਪ੍ਰਤੀ ਇਕਾਈ ਤੋਂ ਘੱਟ ਕੇ 20 ਰੁਪਏ ਪ੍ਰਤੀ ਇਕਾਈ ਹੋ ਜਾਂਦੀ ਹੈ ਜਿਸ ਦੇ ਕਾਰਣ ਵਸਤੂ ਦੀ ਪੂਰਤੀ 400 ਇਕਾਈਆਂ ਤੋਂ ਘੱਟ ਕੇ 200 ਇਕਾਈਆਂ ਹੋ ਜਾਂਦੀ ਹੈ। ਪੂਰਤੀ ਦੀ ਕੀਮਤ ਲਚਕ ਦੀ ਗਣਨਾ ਕਰੋ। 4

(iv) ਔਸਤ ਲਾਗਤ ਅਤੇ ਸੀਮਾਂਤ ਲਾਗਤ ਦੇ ਸੰਬੰਧ ਨੂੰ ਚਿੱਤਰ ਦੁਆਰਾ ਸਪੱਸ਼ਟ ਕਰੋ। 4

(v) ਪੂਰਨ ਮੁਕਾਬਲਾ ਅਤੇ ਏਕਾਧਿਕਾਰ ਪ੍ਰਤਿਯੋਗਤਾ ਵਿੱਚ ਕੋਈ ਚਾਰ ਅੰਤਰ ਦੱਸੋ। 4

(vi) ਮੁਦਰਿਕ ਪ੍ਰਵਾਹ ਅਤੇ ਵਾਸਤਵਿਕ ਪ੍ਰਵਾਹ ਦਾ ਅੰਤਰ ਸਪਸ਼ਟ ਕਰੋ। 4

(vii) ਇੱਕ ਅਰਥਵਿਵਸਥਾ ਦੀ ਰਾਸ਼ਟਰੀ ਆਮਦਨ 50,000 ਕਰੋੜ ਰੁਪਏ ਹੈ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 0.50 ਹੈ। 1000 ਕਰੋੜ ਰੁਪਏ ਦਾ ਨਿਵੇਸ਼ ਕਰਨ ਨਾਲ ਰਾਸ਼ਟਰੀ ਆਮਦਨ ਕਿੰਨੀ ਹੋਵੇਗੀ ? 4

(viii) ਕਰਾਂ ਦੀ ਦਰ ਵਿੱਚ ਤਬਦੀਲੀ ਕਰਕੇ ਘੱਟ ਮੰਗ ਨੂੰ ਕਿਵੇਂ ਸਹੀ ਕੀਤਾ ਜਾ ਸਕਦਾ ਹੈ ? 4

**ਜਾਂ**

ਭਾਰਤ ਵਿੱਚ ਨੋਟ ਜਾਰੀ ਕਰਨ ਵਾਲੀ ਪ੍ਰਣਾਲੀ ਬਾਰੇ ਜਾਣਕਾਰੀ ਦਿਉ।

(ix) ਹੇਠ ਲਿਖੇ ਅੰਕੜਿਆਂ ਤੋਂ ਆਮਦਨ ਘਾਟਾ ਅਤੇ ਬਜਟ ਘਾਟਾ ਪਤਾ ਕਰੋ : 4

| | ਮਦਾਂ | ਕਰੋੜ ਰੁਪਏ |
|---|---|---|
| (i) | ਆਮਦਨ ਖਰਚ | 4,30,000 |
| (ii) | ਪੂੰਜੀਗਤ ਖਰਚ | 1,50,000 |
| (iii) | ਪੂੰਜੀਗਤ ਪ੍ਰਾਪਤੀਆਂ | 75,000 |
| (iv) | ਆਮਦਨ ਪ੍ਰਾਪਤੀਆਂ | 3,70,000 |

**ਭਾਗ-ਸ**

**4. ਨੋਟ :** ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ

150-200 ਸ਼ਬਦਾਂ ਵਿੱਚ ਦਿਉ :

(i) ਉਤਪਾਦਨ ਸੰਭਾਵਨਾ ਵੱਕਰ ਤੋਂ ਕੀ ਭਾਵ ਹੈ ? ਉਤਪਾਦਨ ਸੰਭਾਵਨਾ ਸਹਾਇਤਾ ਨਾਲ ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ ਦਾ ਵਰਨਣ ਸੰਭਾਵਨਾ ਵੱਕਰ ਦੇ **6**

**ਜਾਂ**

ਮੰਗ ਦੇ ਨਿਯਮ ਦੀ ਵਿਸਤਾਰਪੂਰਵਕ ਵਿਆਖਿਆ ਕਰੋ। ਇਸ ਦੇ ਅਪਵਾਦ । ਕਿਹੜੇ ਹਨ?

(ii) ਉਤਪਾਦਕ ਦੇ ਸੰਤੁਲਨ ਤੋਂ ਕੀ ਭਾਵ ਹੈ ? ਸੀਮਾਂਤ ਲਾਗਤ ਅਤੇ ਸੀਮਾਂਤ ਆਪ ਵਿਧੀ ਦੁਆਰਾ ਏਕਾਧਿਕਾਰ ਦੇ ਸੰਤੁਲਨ ਦੀ ਵਿਆਖਿਆ ਕਰੋ। **6**

**ਜਾਂ**

ਮੰਗ ਅਤੇ ਪੂਰਤੀ ਦੀ ਤਬਦੀਲੀ ਦਾ ਸੰਤੁਲਤ ਕੀਮਤ ਤੇ ਕੀ ਪ੍ਰਭਾਵ ਪੈਂਦਾ ਹੈ ? ਚਿੱਤਰ ਸਹਿਤ ਵਿਆਖਿਆ ਕਰੋ।

(iii) ਹੇਠ ਦਿੱਤੀ ਜਾਣਕਾਰੀ ਦੇ ਅਧਾਰ ਤੇ ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦ ਅਤੇ । ਰਾਸ਼ਟਰੀ ਆਮਦਨ ਪਤਾ ਕਰੋ। **6**

| | ਮਦਾਂ | (ਕਰੋੜ ਰੁਪਏ) |
|---|---|---|
| (i) | ਵਿਕਰੀ | 10,000 |
| (ii) | ਸ਼ੁਰੂ ਦਾ ਸਟਾਕ | 5,700 |
| (iii) | ਅੰਤਮ ਸਟਾਕ | 5,000 |
| (iv) | ਮੱਧਵਰਤੀ ਉਪਭੋਗ | 1,500 |
| (v) | ਘਿਸਾਵਟ | 600 |
| (vi) | ਅਪ੍ਰਤੱਖ ਕਰ | 900 |
| (vii) | ਆਰਥਿਕ ਸਹਾਇਤਾ | 500 |
| (viii) | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 2,700 |

**ਜਾਂ**

ਹੇਠ ਲਿਖਿਆਂ ਮਦਾਂ ਦੀ ਸਹਾਇਤਾ ਨਾਲ ਪਤਾ ਕਰੋ :

(ੳ) ਘਰੇਲੂ ਸਾਧਨ ਆਮਦਨ

(ਅ) ਰਾਸ਼ਟਰੀ ਆਮਦਨ

| | ਮਦਾਂ | (ਕਰੋੜ ਰੁਪਏ) |
|---|---|---|
| (i) | ਕਰਮਚਾਰੀਆਂ ਦਾ ਮਿਹਨਤਾਨਾ | 50,000 |
| (ii) | ਵਿਆਜ | 20,000 |
| (iii) | ਕਿਰਾਇਆ | 14,500 |

| | | |
|---|---|---|
| (iv) | ਲਾਭਾਂਸ਼ | 2,000 |
| (v) | ਅਣਵੰਡਿਆ ਲਾਭ | 3,500 |
| (vi) | ਨਿਗਮ ਕਰ | 3,000 |
| (vii) | ਮਿਸ਼ਰਤ ਆਮਦਨ | 1,500 |
| (viii) | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 9,000 |

(iv) ਮੁਦਰਾ ਤੋਂ ਕੀ ਭਾਵ ਹੈ ? ਇਸ ਦੇ ਮੁੱਖ ਕਾਰਜ ਕਿਹੜੇ ਹਨ ? **6**

**ਜਾਂ**

ਲਚਕਦਾਰ ਵਟਾਂਦਰਾ ਦਰ ਤੋਂ ਕੀ ਭਾਵ ਹੈ ? ਲਚਕੀਲੀ ਵਟਾਂਦਰਾ ਦਰ ਪ੍ਰਣਾਲੀ ਦੇ ਗੁਣ ਅਤੇ ਦੋਸ਼ਾਂ ਦਾ ਵਰਨਣ ਕਰੋ।